BRAMPTON Flower City brampton.ca

media release

ਤੁਰੰਤ ਰਿਲੀਜ ਲਈ

## ਭਾਈਚਾਰੇ ਸਬੰਧੀ ਸੁਰੱਖਿਆ ਜ਼ੋਨਾਂ ਵਿੱਚ ਵੱਧ ਸਪੀਡ ਲਈ ਜ਼ੀਰੋ ਸਹਿਣਸ਼ੀਲਤਾ

### *ਸਿਟੀ ਨੇ ਬ੍ਰੈਂਪਟਨ ਵਿੱਚ ਸਭ ਤੋਂ ਪਹਿਲਾ ਆਟੋਮੇਟਿਡ ਸਪੀਡ ਐਨਫੋਰਸਮੈਂਟ ਪੇਸ਼ ਕਰਨ ਲਈ ਨੋਟਿਸ ਸਾਈਨ ਬੋਰਡ ਇੰਸਟਾਲ ਕੀਤਾ*

ਬ੍ਰੈਂਪਟਨ, ਓਨਟੈਰੀਓ (19 ਦਸੰਬਰ, 2019) – ਅੱਜ ਸਵੇਰੇ, ਮੇਅਰ ਪੈਟਰਿਕ ਬ੍ਰਾਊਨ, ਕਾਉਂਸਲਰ ਜੈਫ ਬੋਮੈਨ, ਪੀਲ ਰੀਜਨਲ ਪੁਲਿਸ (Peel Regional Police) ਅਤੇ ਸਿਟੀ ਸਟਾਫ, ਸਿਟੀ ਦਾ ਸਭ ਤੋਂ ਪਹਿਲਾ ਆਟੋਮੇਟਿਡ ਸਪੀਡ ਐਨਫੋਰਸਮੈਂਟ (ਏ.ਐਸ.ਈ.) Automated Speed Enforcement (ASE) ਪੇਸ਼ ਕਰਨ ਵਾਸਤੇ ਨੋਟਿਸ ਸਾਈਨ ਬੋਰਡ ਦਾ ਉਦਘਾਟਨ ਕਰਨ ਲਈ, ਰੇ ਲਾੱਸਨ ਬੁਲੇਵਾਰਡ (Ray Lawson Blvd) ਅਤੇ ਚੈਰੀਟ੍ਰੀ ਡ੍ਰਾਈਵ (Cherrytree Drive) ਦੇ ਕੋਨੇ ਤੇ ਇਕੱਠੇ ਹੋਏ।

ਏ.ਐਸ.ਈ. (ASE) ਇੱਕ ਆਟੋਮੇਟਿਡ ਸਿਸਟਮ ਹੈ, ਜੋ ਪਛਾਣ ਕੀਤੇ ਖੇਤਰਾਂ (ਪੂਰੇ ਓਨਟੈਰੀਓ ਵਿੱਚ ਸਕੂਲ ਜ਼ੋਨਸ ਅਤੇ ਕਮਿਉਨਿਟੀ ਸੁਰੱਖਿਆ ਜ਼ੋਨਸ) ਵਿੱਚ ਸਪੀਡ ਨੂੰ ਘਟਾਉਣ ਲਈ ਕੈਮਰੇ ਅਤੇ ਸਪੀਡ ਮਾਪ ਡਿਵਾਇਸ ਦੀ ਵਰਤੋਂ ਕਰਦਾ ਹੈ। ਏ.ਐਸ.ਈ. ਪੋਸਟ ਕੀਤੀ ਸੀਮਾ ਤੋਂ ਵੱਧ ਸਪੀਡ ਨਾਲ ਚੱਲਣ ਵਾਲੇ ਵਾਹਨਾਂ ਦੇ ਚਿੱਤਰ ਖਿੱਚਦਾ ਅਤੇ ਰਿਕਾਰਡ ਕਰਦਾ ਹੈ। ਪੂਰੇ ਸੂਬੇ ਵਿੱਚ ਏ.ਐਸ.ਈ. ਦੇ ਲਾਗੂਕਰਣ ਵਿੱਚ ਸਥਾਨਕ ਭਾਈਚਾਰਿਆਂ ਵਾਸਤੇ ਸੁਰੱਖਿਆ ਅਤੇ ਅਰਾਮ ਨੂੰ ਵਧਾਉਣ ਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ, ਖਾਸ ਕਰਕੇ ਸੜਕ ਦੇ ਬੱਚਿਆਂ ਵਰਗੇ ਵੱਧ ਨਾਜ਼ੁਕ ਵਰਤੋਂਕਾਰਾਂ ਲਈ।

ਆਉਣ ਵਾਲੇ ਮਹੀਨਿਆਂ ਵਿੱਚ, ਸਟਾਫ਼ ਪੂਰੇ ਬ੍ਰੈਂਪਟਨ ਵਿੱਚ ਵਾਧੂ ਥਾਵਾਂ ਨਿਰਧਾਰਤ ਕਰਨ ਲਈ ਮੇਅਰ ਅਤੇ ਕਾਉਂਸਲਰਾਂ ਦੇ ਨਾਲ ਮਿਲ ਕੇ ਕੰਮ ਕਰੇਗਾ, ਜਿੱਥੇ ਭਵਿੱਖੀ ਏ.ਐਸ.ਈ. ਇੰਸਟਾਲ ਕੀਤੇ ਜਾਣਗੇ। ਲਾਗੂਕਰਣ ਪਲਾਨ ਸਮੇਤ ਪੂਰੀ ਰਿਪੋਰਟ ਦੀ 2020 ਦੇ ਸ਼ੁਰੂ ਵਿੱਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

ਏ.ਐਸ.ਈ. ਪ੍ਰੋਗਰਾਮ ਬ੍ਰੈਂਪਟਨ ਦੇ ਸਿਹਤਮੰਦ ਅਤੇ ਸੁਰੱਖਿਅਤ ਸਿਟੀ: *ਸਟ੍ਰੀਟਸ ਫਾਰ ਪੀਪਲ (Streets for People),* ਟਰਮ ਆਫ ਕਾਉਂਸਿਲ ਪ੍ਰਿਓਰਿਟੀ (Term of Council Priority) ਦਾ ਸਮਰਥਨ ਕਰਦਾ ਹੈ, ਜੋ ਇੱਕ ਰੀਜਨਲ ਪਲਾਨ, ਵਿਜ਼ਨ ਜ਼ੀਰੋ (Vision Zero) ਦੇ ਤੱਤਾਂ ਨੂੰ ਸ਼ਾਮਲ ਕਰਦਾ ਹੈ। ਇਸ ਪਲਾਨ ਦਾ ਉਦੇਸ਼ ਰੋਡ ਡਿਜ਼ਾਈਨ, ਦੇਖਭਾਲ ਅਤੇ ਓਪਰੇਸ਼ਨ, ਅਤੇ ਵਧੀ ਹੋਈ ਜਨਤਕ ਸੁਚੇਤਤਾ ਵਿੱਚ ਤਬਦੀਲੀਆਂ ਕਰਕੇ ਸੜਕ ਸਬੰਧੀ ਸੁਰੱਖਿਆ ਨੂੰ ਵਧਾਉਣਾ ਹੈ।

**ਹਵਾਲੇ**

"ਬ੍ਰੈਂਪਟਨ ਵਿੱਚ ਸਪੀਡ ਲਈ ਸਾਡੀ ਜ਼ੀਰੋ ਸਹਿਨਸ਼ੀਲਤਾ ਨੀਤੀ ਹੈ। ਆਟੋਮੇਟਿਡ ਸਪੀਡ ਐਨਫੋਰਸਮੈਂਟ ਉਹਨਾਂ ਕਈ ਉਪਾਵਾਂ ਵਿੱਚੋਂ ਇੱਕ ਹੈ, ਜੋ ਅਸੀਂ ਵਾਹਨ ਸਬੰਧੀ ਘਟਨਾਵਾਂ ਨੂੰ ਘਟਾਉਣ ਅਤੇ ਸਾਡੇ ਭਾਈਚਾਰਿਆਂ ਵਿੱਚ ਸੁਰੱਖਿਆ ਨੂੰ ਵਧਾਉਣ ਲਈ ਕੰਮ ਕਰਨ ਵਾਸਤੇ ਅਪਨਾ ਰਹੇ ਹਾਂ, ਖਾਸ ਕਰਕੇ ਸਕੂਲ ਜ਼ੋਨਾਂ ਵਿੱਚ। ਮੈਂ ਨਵੇਂ ਸਾਲ ਵਿੱਚ ਇਸਤੇ ਸਾਡੇ ਕੰਮ ਨੂੰ ਜਾਰੀ ਰੱਖਣ ਲਈ ਉਤਸ਼ਾਹਿਤ ਹਾਂ"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਅਜਿਹਾ ਸਫ਼ਰ ਕਿਸੇ ਕੰਮ ਦਾ ਨਹੀਂ, ਜੋ ਵੱਧ ਸਪੀਡ ਨਾਲ ਦੂਜਿਆਂ ਦੀ ਸੁਰੱਖਿਆ ਨੂੰ ਜੋਖਿਮ ਵਿੱਚ ਪਾਉਂਦਾ ਹੋਵੇ। ਬ੍ਰੈਂਪਟਨ ਦਾ ਨਵਾਂ ਆਟੋਮੇਟਿਡ ਸਪੀਡ ਐਨਫੋਰਸਮੈਂਟ, ਨਿਵਾਸੀਆਂ ਨੂੰ ਸਪੀਡ ਘੱਟ ਰੱਖਣ, ਸੜਕ ਦੇ ਨਿਯਮਾਂ ਦੀ ਪਾਲਣਾ ਕਰਨ ਅਤੇ ਸੜਕ ਤੇ ਵਾਹਨ ਚਲਾਉਂਦੇ ਦੂਜੇ ਲੋਕਾਂ ਦਾ ਸਨਮਾਨ ਕਰਨ ਲਈ ਇੱਕ ਲਾਭਕਾਰੀ ਰਿਮਾਇੰਡਰ ਦੇ ਤੌਰ ਤੇ ਕੰਮ ਕਰੇਗਾ।"

- *ਸਿਟੀ ਕਾਉਂਸਲਰ ਜੈਫ ਬੋਮੈਨ (Jeff Bowman), ਵਾਰਡਸ 3 ਅਤੇ 4*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca